ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ
(ਦਫ: ਮੁੱਖ/ਐਡਮਨਿਸਟ੍ਰੇਸ਼ਨ , ਉਦਯੋਗਿਕ ਸੰਪਰਕ ਸ਼ਾਖਾ, ਪਟਿਆਲਾ)

ਵੱਲ

ਸਾਰੇ ਇੰਜੀ. ਇਨ ਚੀਫ/ਮੁੱਖ ਇੰਜੀ:/ਜਨਰਲ ਮੈਨੇਜਰ ਪੰ:ਰਾ:ਪਾ:ਕਾ:ਲਿ:।

ਮੀਮੋ ਨੰਬਰ : 13894/13926 /ਆਈ.ਆਰ.ਓ-23(12)

ਮਿਤੀ : 27-2-12

ਵਿਸ਼ਾ : ਕੰਟਰੈਕਟ ਉੱਪਰ ਕੰਮ ਕਰ ਰਹੇ ਲਾਈਨਮੈਨ ਐਸ.ਐਸ.ਏ. ਅਤੇ ਲਾਈਨਮੈਨ ਨੂੰ ਛੁੱਟੀ, ਹਫਤਾਵਾਰੀ ਰੈਸਟ ਅਤੇ ਹੋਰ ਸਹੂਲਤਾਂ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰ:ਰਾ:ਪਾ:ਕਾ:ਲਿ: ਨੇ 1000 ਲਾਈਨਮੈਨਾਂ ਦੀ ਕੰਟਰੈਕਟ ਬੇਸ ਤੇ ਭਰਤੀ ਕੀਤੀ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਗਰਿੱਡ ਸਬ ਸਟੇਸ਼ਨਾਂ ਤੇ ਐਸ.ਐਸ.ਏ. ਦਾ ਕੰਮ ਕਰ ਰਹੇ ਹਨ। ਇਹਨਾਂ ਕਾਮਿਆਂ ਨੂੰ ਫੀਲਡ ਦਫਤਰਾਂ ਵਿੱਚ ਓਵਰ ਟਾਈਮ ਲਗਾਉਣਾ ਪੈਂਦਾ ਹੈ। ਇਸ ਬਦਲੇ ਉਹ ਵੀ ਓਵਰ ਟਾਈਮ ਦੀ ਮੰਗ ਕਰਦੇ ਹਨ। ਇਸ ਲਈ ਆਪ ਜੀ ਦੇ ਦਫਤਰਾਂ ਅਧੀਨ ਗਰਿੱਡਾਂ ਤੇ ਕੰਮ ਕਰਦੇ ਇਹਨਾਂ ਕਾਮਿਆਂ ਦੀ ਗਿਣਤੀ ਅਤੇ ਵਿੱਥੀ ਵਾਰ ਸਾਰੇ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ, ਤਾਂ ਜੋ ਅਗਲੇਰੀ ਯੋਗ ਕਾਰਵਾਈ ਕੀਤੀ ਜਾ ਸਕੇ ਜੀ।

ਕਿਰਤ ਭਲਾਈ ਅਫਸਰ,
ਪੰ.ਸ.ਪ.ਕ.ਲਿਮ:ਪਟਿਆਲਾ ।